ਜੈਸ਼-ਏ-ਲਸ਼ਕਰ ਨੇ ਤਿਆਰ ਕੀਤਾ ਨਵਾਂ ਅੱਤਵਾਦੀ ਪਲਾਨ, ਪਾਕਿਸਤਾਨ ਦੀ ਸ਼ਹਿ 'ਤੇ 'ਡਰੋਨ ਸਵਾਰਮ ਅਟੈਕ' ਦੀ ਸਾਜ਼ਿਸ਼ !

ਜਲੰਧਰ, 8 ਸਤੰਬਰ (ਇੰਟ.)-ਭਾਰਤ ਖਿਲਾਫ ਪਾਕਿਸਤਾਨ ਦੀ ਜ਼ਮੀਨ ਤੋਂ ਰਚੀਆਂ ਜਾ ਰਹੀਆਂ ਅੱਤਵਾਦੀ ਸਾਜ਼ਿਸ਼ਾਂ ਨੇ ਹੁਣ ਖ਼ਤਰਨਾਕ ਤਕਨੀਕੀ ਰੂਪ ਲੈ ਲਿਆ ਹੈ। ਇਕ ਰਿਪੋਰਟ ਮੁਤਾਬਕ ਬਹਾਵਲਪੁਰ ਵਿਚ ਜੈਸ਼-ਏ-ਮੁਹੰਮਦ ਨਾਲ ਜੁੜੇ ਕੰਪਲੈਕਸ 'ਚ ਦੁਬਾਰਾ ਅੱਤਵਾਦੀ ਗਤੀਵਿਧੀਆਂ ਸ਼ੁਰੂ ਹੋਣ ਦੇ ਸੰਕੇਤ ਮਿਲੇ ਹਨ। ਇਸ ਦੇ ਨਾਲ ਹੀ ਲਸ਼ਕਰ-ਏ-ਤੋਇਬਾ ਦੇ ਹੈਂਡਲਰਾਂ ਤੱਕ ਫੰਡਿੰਗ ਪਹੁੰਚਾਉਣ ਦੀ ਕੋਸ਼ਿਸ਼ ਅਤੇ ਕੰਟਰੋਲ ਰੇਖਾ (ਐੱਲ. ਓ. ਸੀ.) ਦੇ ਆਲੇ-ਦੁਆਲੇ ਨਵੇਂ ਛੋਟੇ ਅੱਤਵਾਦੀ ਟਿਕਾਣੇ ਬਣਨ ਦੀ ਜਾਣਕਾਰੀ ਵੀ ਸੁਰੱਖਿਆ ਏਜੰਸੀਆਂ ਲਈ ਚਿੰਤਾ ਵਧਾ ਰਹੀ ਹੈ।

ਖੁਫੀਆ ਇਨਪੁੱਟ 'ਚ ਖਦਸ਼ਾ ਪ੍ਰਗਟਾਇਆ ਗਿਆ ਹੈ ਕਿ ਪਾਕਿਸਤਾਨ ਸਥਿਤ ਲਸ਼ਕਰ ਅਤੇ ਜੈਸ਼ ਭਾਰਤ 'ਚ ਵੱਡੀ ਗਿਣਤੀ 'ਚ ਡਰੋਨ ਭੇਜ ਕੇ 'ਡਰੋਨ ਸਵਾਰਮ ਅਟੈਕ' ਦੀ ਸਾਜ਼ਿਸ਼ ਰਚ ਰਹੇ ਹਨ। ਸੂਤਰਾਂ ਮੁਤਾਬਕ ਨਵੰਬਰ ਤੱਕ ਇਨ੍ਹਾਂ ਅੱਤਵਾਦੀ ਨੈੱਟਵਰਕਾਂ ਨੂੰ ਪੂਰੀ ਤਰ੍ਹਾਂ ਸਰਗਰਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਸ ਤੋਂ ਬਾਅਦ ਜੰਮੂ-ਕਸ਼ਮੀਰ 'ਚ ਕਿਸੇ ਵੱਡੇ ਹਮਲੇ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਹੋ ਸਕਦੀ ਹੈ।

'ਡਰੋਨ ਸਵਾਰਮ' ਨਾਲ ਸੁਰੱਖਿਆ ਏਜੰਸੀਆਂ ਦੀ ਵਧੇਗੀ ਪ੍ਰੇਸ਼ਾਨੀ

ਖੁਫੀਆ ਏਜੰਸੀਆਂ ਮੁਤਾਬਕ ਅੱਤਵਾਦੀ ਸੰਗਠਨ ਹੁਣ ਇਕੱਲੇ ਡਰੋਨ ਦੀ ਬਜਾਏ ਵੱਡੀ ਗਿਣਤੀ 'ਚ ਡਰੋਨ ਵਰਤਣ ਦੀ ਰਣਨੀਤੀ 'ਤੇ ਕੰਮ ਕਰ ਰਹੇ ਹਨ। 'ਡਰੋਨ ਸਵਾਰਮ' 'ਚ ਕਈ ਡਰੋਨ ਇਕੋ ਵੇਲੇ ਨਿਸ਼ਾਨੇ ਵੱਲ ਭੇਜੇ ਜਾ ਸਕਦੇ ਹਨ। ਇਸ ਨਾਲ ਸੁਰੱਖਿਆ ਏਜੰਸੀਆਂ ਦੇ ਸਾਹਮਣੇ ਇਕੋ ਵੇਲੇ ਕਈ ਹਵਾਈ ਨਿਸ਼ਾਨਿਆਂ ਦੀ ਪਛਾਣ ਅਤੇ ਨਿਗਰਾਨੀ ਦੀ ਚੁਣੌਤੀ ਪੈਦਾ ਹੁੰਦੀ ਹੈ। ਖਦਸ਼ਾ ਹੈ ਕਿ ਡਰੋਨ ਦੀ ਵਰਤੋਂ ਰੇਕੀ ਤੋਂ ਇਲਾਵਾ ਪਾਬੰਦੀਸ਼ੁਦਾ ਸਾਮਾਨ ਜਾਂ ਧਮਾਕਾਖੇਜ਼ ਸਮੱਗਰੀ ਪਹੁੰਚਾਉਣ ਲਈ ਵੀ ਕੀਤੀ ਜਾ ਸਕਦੀ ਹੈ।

ਪੰਜਾਬ ਬਾਰਡਰ 'ਤੇ 'ਨਾਰਕੋ-ਡਰੋਨ' ਦੀ ਚੁਣੌਤੀ

ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ ਅਤੇ ਫਿਰੋਜ਼ਪੁਰ ਦੇ ਸਰਹੱਦੀ ਇਲਾਕਿਆਂ 'ਚ ਡਰੋਨ ਰਾਹੀਂ ਨਸ਼ੀਲੇ ਪਦਾਰਥ ਅਤੇ ਹਥਿਆਰ ਭੇਜੇ ਜਾਣ ਦੀਆਂ ਘਟਨਾਵਾਂ ਪਹਿਲਾਂ ਤੋਂ ਹੀ ਸੁਰੱਖਿਆ ਏਜੰਸੀਆਂ ਲਈ ਚੁਣੌਤੀ ਬਣੀਆਂ ਹੋਈਆਂ ਹਨ। ਹੁਣ ਖਦਸ਼ਾ ਹੈ ਕਿ ਇਸੇ ਨੈੱਟਵਰਕ ਦੀ ਵਰਤੋਂ ਅੱਤਵਾਦੀ ਗਤੀਵਿਧੀਆਂ ਲਈ ਵੀ ਕੀਤੀ ਜਾ ਸਕਦੀ ਹੈ। ਪੰਜਾਬ ਅਤੇ ਜੰਮੂ-ਕਸ਼ਮੀਰ ਦੇ ਨਾਲ ਦਿੱਲੀ ਸਮੇਤ ਹੋਰ ਸੰਵੇਦਨਸ਼ੀਲ ਇਲਾਕਿਆਂ ਵਿਚ ਵੀ ਸੁਰੱਖਿਆ ਏਜੰਸੀਆਂ ਡਰੋਨ ਅਤੇ ਡਿਜੀਟਲ ਨੈੱਟਵਰਕ 'ਤੇ ਨਿਗਰਾਨੀ ਵਧਾ ਰਹੀਆਂ ਹਨ।

ਬਹਾਵਲਪੁਰ 'ਚ 'ਡਰੋਨ ਸੇਫ ਹਾਊਸ' ਹੋਣ ਦਾ ਦਾਅਵਾ

ਸੂਤਰਾਂ ਅਨੁਸਾਰ ਬਹਾਵਲਪੁਰ ਸਥਿਤ ਜੈਸ਼-ਏ-ਮੁਹੰਮਦ ਦੇ ਹੈੱਡਕੁਆਰਟਰ 'ਮਰਕਜ਼ ਸੁਭਾਨ ਅੱਲ੍ਹਾ' ਨਾਲ ਜੁੜੇ ਕੰਪਲੈਕਸ 'ਚ ਡਰੋਨ ਗਤੀਵਿਧੀਆਂ ਲਈ ਸਿਖਲਾਈ ਦੇ ਪ੍ਰਬੰਧ ਕੀਤੇ ਜਾਣ ਦੀ ਜਾਣਕਾਰੀ ਮਿਲੀ ਹੈ। ਦੱਸਿਆ ਜਾ ਰਹਾ ਹੈ ਕਿ ਇੱਥੇ ਵਪਾਰਕ (ਕਮਰਸ਼ੀਅਲ) ਡਰੋਨਾਂ ਦੇ ਸੰਚਾਲਨ, ਨਿਗਰਾਨੀ ਅਤੇ ਸ਼ੱਕੀ ਸਾਮਾਨ ਪਹੁੰਚਾਉਣ ਵਰਗੀਆਂ ਗਤੀਵਿਧੀਆਂ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਏਜੰਸੀਆਂ ਇਸ ਇਨਪੁੱਟ ਦੀ ਵੱਖ-ਵੱਖ ਪੱਧਰਾਂ 'ਤੇ ਜਾਂਚ ਕਰ ਰਹੀਆਂ ਹਨ।

'ਵਰਚੁਅਲ ਹੈਂਡਲਰਜ਼' ਦੇ ਇਸ਼ਾਰੇ 'ਤੇ ਮਾਡਿਊਲ ਤਿਆਰ ਕਰਨ ਦੀ ਕੋਸ਼ਿਸ਼

ਅੱਤਵਾਦੀ ਨੈੱਟਵਰਕ ਨੇ ਸੰਚਾਰ ਦੇ ਤਰੀਕੇ 'ਚ ਵੀ ਬਦਲਾਅ ਕੀਤਾ ਹੈ। ਜਾਂਚ ਏਜੰਸੀਆਂ ਦੀ ਨਜ਼ਰ ਟੈਲੀਗ੍ਰਾਮ, ਸਿਗਨਲ, ਥ੍ਰੀਮਾ ਅਤੇ ਸੈਸ਼ਨਜ਼ ਵਰਗੇ ਐਨਕ੍ਰਿਪਟਡ ਮੈਸੇਜਿੰਗ ਪਲੇਟਫਾਰਮਾਂ 'ਤੇ ਹੈ।

ਦੋਸ਼ ਹੈ ਕਿ ਵਿਦੇਸ਼ਾਂ 'ਚ ਬੈਠੇ ਹੈਂਡਲਰ ਇਨ੍ਹਾਂ ਮਾਧਿਅਮਾਂ ਰਾਹੀਂ ਭਾਰਤ 'ਚ ਮੌਜੂਦ ਸੰਪਰਕਾਂ ਨੂੰ ਨਿਰਦੇਸ਼ ਦੇ ਕੇ ਸਥਾਨਕ ਪੱਧਰ 'ਤੇ ਮਾਡਿਊਲ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਸੋਸ਼ਲ ਮੀਡੀਆ ਬਣਿਆ ਪ੍ਰਾਪੇਗੰਡਾ ਦਾ ਹਥਿਆਰ

'ਟੀ. ਆਰ. ਐੱਫ.' ਅਤੇ 'ਕਸ਼ਮੀਰ ਟਾਈਗਰਜ਼' ਵਰਗੇ ਅੱਤਵਾਦੀ ਸੰਗਠਨਾਂ ਨਾਲ ਜੁੜੇ ਆਨਲਾਈਨ ਨੈੱਟਵਰਕ ਦੀਆਂ ਗਤੀਵਿਧੀਆਂ 'ਤੇ ਵੀ ਸੁਰੱਖਿਆ ਏਜੰਸੀਆਂ ਦੀ ਨਜ਼ਰ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਥਿਤ ਤੌਰ 'ਤੇ ਨੌਜਵਾਨਾਂ ਨੂੰ ਪ੍ਰਭਾਵਿਤ ਕਰਨ, ਭੜਕਾਊ ਸਮੱਗਰੀ ਫੈਲਾਉਣ ਅਤੇ ਹਮਲਿਆਂ ਤੋਂ ਬਾਅਦ ਪ੍ਰਚਾਰ ਹਾਸਲ ਕਰਨ ਲਈ ਕੀਤੀ ਜਾ ਰਹੀ ਹੈ।

ਆਨਲਾਈਨ ਕੱਟੜਪੰਥ ਤੋਂ ਹਮਲੇ ਤੱਕ ਨੈੱਟਵਰਕ

ਸੁਰੱਖਿਆ ਏਜੰਸੀਆਂ ਮੁਤਾਬਕ ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮਾਂ ਦੀ ਵਰਤੋਂ ਨੌਜਵਾਨਾਂ ਨੂੰ ਪ੍ਰਭਾਵਿਤ ਕਰਨ ਅਤੇ ਉਨ੍ਹਾਂ ਨੂੰ ਅੱਤਵਾਦੀ ਨੈੱਟਵਰਕ ਨਾਲ ਜੋੜਨ ਲਈ ਕੀਤੀ ਜਾ ਰਹੀ ਹੈ। ਏਜੰਸੀਆਂ ਅਜਿਹੇ ਆਨਲਾਈਨ ਨੈੱਟਵਰਕਾਂ ਦੀ ਨਿਗਰਾਨੀ ਕਰ ਰਹੀਆਂ ਹਨ, ਜਿਨ੍ਹਾਂ ਦੀ ਵਰਤੋਂ ਭੜਕਾਊ ਸਮੱਗਰੀ ਫੈਲਾਉਣ ਅਤੇ ਸੰਭਾਵਿਤ ਅੱਤਵਾਦੀ ਗਤੀਵਿਧੀਆਂ ਲਈ ਸੰਪਰਕ ਕਾਇਮ ਕਰਨ ਲਈ ਕੀਤੀ ਜਾ ਸਕਦੀ ਹੈ।

ਕ੍ਰਿਪਟੋ ਫੰਡਿੰਗ ਦੀਆਂ ਕੜੀਆਂ ਵੀ ਫਰੋਲੀਆਂ ਜਾ ਰਹੀਆਂ ਹਨ

ਅੱਤਵਾਦੀ ਨੈੱਟਵਰਕ ਦੀ ਫੰਡਿੰਗ ਲਈ ਡਿਜੀਟਲ ਮਾਧਿਅਮਾਂ ਦੀ ਵਰਤੋਂ ਦਾ ਖਦਸ਼ਾ ਵੀ ਲਗਾਤਾਰ ਵਧ ਰਿਹਾ ਹੈ। ਜਾਂਚ ਏਜੰਸੀਆਂ ਸ਼ੱਕੀ ਕ੍ਰਿਪਟੋ ਲੈਣ-ਦੇਣ, ਡਿਜੀਟਲ ਵਾਲੇਟ ਅਤੇ ਵਿਦੇਸ਼ ਤੋਂ ਆਉਣ ਵਾਲੀ ਰਕਮ ਦੀਆਂ ਕੜੀਆਂ ਦੀ ਪੜਤਾਲ ਕਰ ਰਹੀਆਂ ਹਨ, ਜਿਸ ਦਾ ਮਕਸਦ ਫੰਡਿੰਗ ਦੇ ਸਰੋਤ ਅਤੇ ਉਸ ਦੇ ਅੰਤਿਮ ਲਾਭਪਾਤਰੀਆਂ ਤੱਕ ਪਹੁੰਚਣਾ ਹੈ।

ਇਜ਼ਰਾਇਲੀ ਬਸਤੀਆਂ ਤੋਂ ਆਉਣ ਵਾਲੇ ਸਾਮਾਨ 'ਤੇ ਬ੍ਰਿਟੇਨ 'ਚ ਪਾਬੰਦੀ

ਲੰਡਨ, 8 ਸਤੰਬਰ (ਏਜੰਸੀ)-ਬ੍ਰਿਟੇਨ ਨੇ ਵੈਸਟ ਬੈਂਕ ਸਥਿਤ ਇਜ਼ਰਾਇਲੀ ਬਸਤੀਆਂ ਤੋਂ ਆਉਣ ਵਾਲੇ ਸਾਮਾਨ 'ਤੇ ਮੰਗਲਵਾਰ ਨੂੰ ਇਹ ਕਹਿੰਦੇ ਹੋਏ ਰੋਕ ਲਾ ਦਿੱਤੀ ਕਿ ਬਸਤੀ ਨਿਵਾਸੀ ਫਿਲਸਤੀਨੀਆਂ ਦਾ 'ਨਸਲੀ ਸਫਾਇਆ' ਕਰ ਰਹੇ ਹਨ। ਬ੍ਰਿਟੇਨ ਸਰਕਾਰ ਨੇ ਇਹ ਵੀ ਕਿਹਾ ਕਿ ਇਨ੍ਹਾਂ ਇਜ਼ਰਾਇਲੀ ਬਸਤੀਆਂ ਤੋਂ ਆਉਣ ਵਾਲੇ ਸਾਮਾਨ 'ਤੇ ਪਾਬੰਦੀ ਲਾਉਣ 'ਚ ਫਰਾਂਸ ਅਤੇ ਕੈਨੇਡਾ ਵੀ ਉਸ ਦਾ ਸਾਥ ਦੇਣਗੇ।

ਵਿਦੇਸ਼ ਮੰਤਰੀ ਐਡ ਮਿਲੀਬੈਂਡ ਨੇ ਕਿਹਾ ਕਿ ਇਹ ਦੋਸ਼ ਇਕ ਅੰਤਰਰਾਸ਼ਟਰੀ ਗੱਠਜੋੜ ਦਾ ਹਿੱਸਾ ਹਨ। ਉਨ੍ਹਾਂ ਦੱਸਿਆ ਕਿ ਡੈਨਮਾਰਕ, ਫਿਨਲੈਂਡ, ਆਈਸਲੈਂਡ, ਪੋਲੈਂਡ, ਪੁਰਤਗਾਲ ਅਤੇ ਸਵੀਡਨ ਨੇ ਭਵਿੱਖ ਵਿਚ ਹੋਰ ਕਦਮ ਚੁੱਕਣ 'ਚ ਸਮਰਥਨ ਦੇਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਨੀਦਰਲੈਂਡ, ਆਇਰਲੈਂਡ, ਬੈਲਜੀਅਮ, ਸਪੇਨ ਅਤੇ ਨਾਰਵੇ ਨੇ ਜਾਂ ਤਾਂ ਇਨ੍ਹਾਂ ਬਸਤੀਆਂ ਤੋਂ ਆਉਣ ਵਾਲੇ ਸਾਮਾਨ 'ਤੇ ਪਾਬੰਦੀ ਲਾ ਦਿੱਤੀ ਹੈ ਜਾਂ ਅਜਿਹਾ ਕਰਨ ਦੀ ਪ੍ਰਕਿਰਿਆ 'ਚ ਹਨ।

ਅਮਰੀਕਾ ਦਾ ਇਕਵਾਡੋਰ ਦੀ ਕਿਸ਼ਤੀ 'ਤੇ ਹਮਲਾ

ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਦਾ ਦੋਸ਼

ਕਵਿਟੋ (ਇਕਵਾਡੋਰ), 8 ਸਤੰਬਰ (ਏਜੰਸੀ)-ਅਮਰੀਕੀ ਫੌਜ ਨੇ ਸੋਮਵਾਰ ਨੂੰ ਇਕਵਾਡੋਰ ਦੀ ਇਕ ਹੋਰ ਕਿਸ਼ਤੀ 'ਤੇ ਹਮਲਾ ਕਰ ਕੇ ਉਸ ਨੂੰ ਡੁਬੋ ਦਿੱਤਾ। ਅਮਰੀਕਾ ਦਾ ਦੋਸ਼ ਹੈ ਕਿ ਇਹ ਕਿਸ਼ਤੀ ਅਪਰਾਧਿਕ ਗਿਰੋਹ 'ਲਾਸ ਚੋਨੇਰੋਸ' ਨਾਲ ਜੁੜੀ ਹੋਈ ਸੀ।

ਇਹ ਲੈਟਿਨ ਅਮਰੀਕਾ 'ਚ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਵਿਚ ਕਥਿਤ ਤੌਰ 'ਤੇ ਸ਼ਾਮਲ ਕਿਸ਼ਤੀਆਂ ਅਤੇ ਬੇੜਿਆਂ ਖਿਲਾਫ ਅਮਰੀਕਾ ਦੀ ਹਾਲੀਆ ਕਾਰਵਾਈ ਹੈ। 'ਸਦਰਨ ਕਮਾਂਡ' ਨੇ ਇਕ ਬਿਆਨ 'ਚ ਕਿਹਾ ਕਿ ਜੁਆਇੰਟ ਟਾਸਕ ਫੋਰਸ ਨੇ ਪੂਰਬੀ ਪ੍ਰਸ਼ਾਂਤ ਖੇਤਰ 'ਚ ਸਮੁੰਦਰ ਦੇ ਰਸਤੇ ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਸਮੱਗਲਿੰਗ ਦੀਆਂ ਮੁਹਿੰਮਾਂ 'ਚ ਮਦਦ ਕਰਨ ਵਾਲੀ ਇਕ ਕਿਸ਼ਤੀ ਨੂੰ ਰੋਕਿਆ। ਇਹ ਇਕ ਈਂਧਣ (ਫਿਊਲ) ਭਰਨ ਵਾਲੀ ਕਿਸ਼ਤੀ ਸੀ।

ਅਮਰੀਕੀ ਫ਼ੌਜ ਵੱਲੋਂ ਨਿਸ਼ਾਨਾ ਬਣਾਏ ਜਾਣ ਤੋਂ ਬਾਅਦ ਇਕਵਾਡੋਰ ਦੀ ਕਿਸ਼ਤੀ 'ਚ ਹੋਇਆ ਧਮਾਕਾ।

ਬਿਆਨ ਵਿਚ ਕਿਹਾ ਗਿਆ ਕਿ ਕਿਸ਼ਤੀ 'ਤੇ ਸਵਾਰ ਲੋਕਾਂ ਨੂੰ ਇਕਵਾਡੋਰ ਦੇ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਜਾਵੇਗਾ। ਇਸ ਜਾਣਕਾਰੀ ਦੇ ਨਾਲ ਕਾਰਵਾਈ ਦੀ ਵੀਡੀਓ ਵੀ ਜਾਰੀ ਕੀਤੀ ਗਈ, ਜਿਸ ਵਿਚ ਫੌਜੀ ਇਕ ਕਿਸ਼ਤੀ 'ਤੇ ਚੜ੍ਹਦੇ ਹੋਏ ਦਿਖਾਈ ਦੇ ਰਹੇ ਹਨ। ਇਸ ਤੋਂ ਬਾਅਦ ਇਕ ਹੈਲੀਕਾਪਟਰ ਉਸ ਦੇ ਉੱਪਰੋਂ ਉੱਡਦਾ ਨਜ਼ਰ ਆਇਆ ਅਤੇ ਅੰਤ 'ਚ ਇਕ ਮਿਜ਼ਾਈਲ ਦੇ ਕਿਸ਼ਤੀ ਨਾਲ ਟਕਰਾਉਣ ਕਾਰਨ ਉਹ ਡੁੱਬਦੀ ਨਜ਼ਰ ਆਈ।

DUBAI ਦੁਬਈ
WADE ADAMS / UTCC ਦੁਬਈ ਦੀ ਮਸ਼ਹੂਰ ਕੰਪਨੀ ਨੂੰ ਲੋੜ ਹੈ
ਆਪਰੇਟਰਸ: ਮੋਬਾਈਲ ਕਰੇਨ, ਕੰਕਰੀਟ ਪੰਪ, ਰੋਲਰ, ਗਰੇਡਰ, ਐਕਜ਼ਾਵੇਟਰ, ਬੈਕਹੋ
ਡਰਾਈਵਰ: ਟਰੇਲਰ, ਲਾਈਟ ਡਿਊਟੀ ਡਰਾਈਵਰ
ਇਲੈਕਟ੍ਰੀਸ਼ਿਅਨ (I.T.I HOLDER), ਪਾਈਪ ਫਿਟਰ, ਪਲੰਬਰ (I.T.I.)
ਕਾਰਪੇਂਟਰ, ਮੈਸਨ, ਸਟੀਲ ਫਿਕਸਰ, ਸਕੈਫੋਲਡਰ
NOTE: ਕੰਪਨੀ ਵੱਲੋਂ ਖਾਣਾ, ਰਿਹਾਇਸ਼ ਅਤੇ ਟਰਾਂਸਪੋਰਟੇਸ਼ਨ ਮੁਫਤ
ਡਰਾਈਵਰਾਂ ਅਤੇ ਆਪਰੇਟਰਾਂ ਦੇ ਕੋਲ ਦੁਬਈ ਦਾ Valid ਜਾਂ Expired ਲਾਇਸੈਂਸ ਹੋਣਾ ਜਰੂਰੀ ਹੈ
ਚਾਹਵਾਨ ਸੱਜਣ ਆਪਣਾ ਪਾਸਪੋਰਟ, ਸਰਟੀਫਿਕੇਟ ਲੈ ਕੇ ਹੇਠ ਲਿਖੇ ਪਤੇ ਤੇ ਤੁਰੰਤ ਮਿਲੋ
SINCE 1990 Lic No. B-1089/CHD/PER/1000+/5/9412/2018
AMBE CONSULTANTS 99143-46999 88727-29990
SCO 6, SECTOR 20-D, CHANDIGARH 0172-4303333

ਦੁਨੀਆ ਦੇ ਸਭ ਤੋਂ ਵੱਧ ਕਮਾਈ ਕਰਨ ਵਾਲੇ ਨੇਤਾ ਦੀ ਵਧੀ ਤਨਖਾਹ, ਹਰ ਸਾਲ ਮਿਲਣਗੇ 27 ਕਰੋੜ ਰੁਪਏ

ਸਿੰਗਾਪੁਰ ਸਿਟੀ, 8 ਸਤੰਬਰ (ਇੰਟ.)- ਸਿੰਗਾਪੁਰ ਸਰਕਾਰ ਨੇ ਪ੍ਰਧਾਨ ਮੰਤਰੀ, ਮੰਤਰੀਆਂ ਅਤੇ ਦੂਜੇ ਸੀਨੀਅਰ ਅਧਿਕਾਰੀਆਂ ਦੀ ਤਨਖਾਹ ਵਧਾਉਣ ਦਾ ਫੈਸਲਾ ਕੀਤਾ ਹੈ। ਦੁਨੀਆ ਦੇ ਸਭ ਤੋਂ ਵੱਧ ਤਨਖਾਹ ਹਾਸਲ ਕਰਨ ਵਾਲੇ ਨੇਤਾਵਾਂ 'ਚ ਸ਼ਾਮਲ ਪ੍ਰਧਾਨ ਮੰਤਰੀ ਲਾਰੈਂਸ ਵੋਂਗ ਦੀ ਸਾਲਾਨਾ ਕਮਾਈ ਹੁਣ ਲੱਗਭਗ 11 ਕਰੋੜ ਰੁਪਏ ਵਧ ਜਾਵੇਗੀ।

ਵੋਂਗ ਨੂੰ ਫਿਲਹਾਲ ਸਾਲਾਨਾ ਲੱਗਭਗ 22 ਲੱਖ ਸਿੰਗਾਪੁਰ ਡਾਲਰ (ਲੱਗਭਗ 16 ਕਰੋੜ ਰੁਪਏ) ਮਿਲਦੇ ਹਨ। ਵਾਧੇ ਤੋਂ ਬਾਅਦ ਉਨ੍ਹਾਂ ਦਾ ਸਾਲਾਨਾ ਪੈਕੇਜ ਲੱਗਭਗ 36 ਲੱਖ ਸਿੰਗਾਪੁਰ ਡਾਲਰ (ਲੱਗਭਗ 27 ਕਰੋੜ ਰੁਪਏ) ਹੋ ਜਾਵੇਗਾ। ਮਤਲਬ ਉਨ੍ਹਾਂ ਦੀ ਕਮਾਈ 'ਚ 60 ਫੀਸਦੀ ਤੋਂ ਵੱਧ ਦਾ ਇਜ਼ਾਫਾ ਹੋਵੇਗਾ। ਤੁਲਨਾ ਕਰੀਏ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਾਲਾਨਾ ਤਨਖਾਹ ਲੱਗਭਗ 20 ਲੱਖ ਰੁਪਏ ਹੈ। ਇਸ ਹਿਸਾਬ ਨਾਲ ਵੋਂਗ ਦੀ ਨਵੀਂ ਸਾਲਾਨਾ ਕਮਾਈ ਮੋਦੀ ਦੀ ਤਨਖਾਹ ਤੋਂ ਲੱਗਭਗ 135 ਗੁਣਾ ਵੱਧ ਹੋਵੇਗੀ।

ਮੰਤਰੀਆਂ ਦੀ ਵੀ ਵਧੇਗੀ ਤਨਖਾਹ : ਅਜੇ ਸਿੰਗਾਪੁਰ ਦੇ ਮੰਤਰੀਆਂ ਨੂੰ ਸਾਲਾਨਾ ਲੱਗਭਗ 11 ਲੱਖ ਸਿੰਗਾਪੁਰ ਡਾਲਰ (8.20 ਕਰੋੜ ਰੁਪਏ) ਮਿਲਦੇ ਹਨ। ਨਵੀਂ ਵਿਵਸਥਾ 'ਚ ਇਹ ਵਧ ਕੇ ਲੱਗਭਗ 12 ਲੱਖ ਡਾਲਰ (8.95 ਕਰੋੜ ਰੁਪਏ) ਹੋ ਜਾਵੇਗੀ। ਵੋਂਗ ਦੇ ਮੁਤਾਬਕ, ਮੌਜੂਦਾ ਸਰਕਾਰ ਦਾ ਕਾਰਜਕਾਲ ਖਤਮ ਹੋਣ ਤੱਕ ਜ਼ਿਆਦਾਤਰ ਮੰਤਰੀਆਂ ਦੀ ਸਾਲਾਨਾ ਕਮਾਈ 13.5 ਲੱਖ ਡਾਲਰ (ਲੱਗਭਗ 10 ਕਰੋੜ ਰੁਪਏ) ਤੱਕ ਪਹੁੰਚ ਸਕਦੀ ਹੈ। ਤਨਖਾਹ ਦਾ ਕੁਝ ਹਿੱਸਾ ਸਰਕਾਰ ਦੇ ਪ੍ਰਦਰਸ਼ਨ 'ਤੇ ਨਿਰਭਰ ਕਰੇਗਾ।

ਰੂਸ ਦੇ ਡਰੋਨ-ਮਿਜ਼ਾਈਲ ਹਮਲਿਆਂ ਕਾਰਨ ਕੀਵ 'ਚ 2 ਲੋਕਾਂ ਦੀ ਮੌਤ

ਕੀਵ, 8 ਸਤੰਬਰ (ਏਜੰਸੀ)- ਰੂਸ ਵੱਲੋਂ ਸੋਮਵਾਰ ਰਾਤ ਯੂਕ੍ਰੇਨ ਦੀ ਰਾਜਧਾਨੀ ਕੀਵ 'ਤੇ ਡਰੋਨ ਅਤੇ ਮਿਜ਼ਾਈਲਾਂ ਨਾਲ ਕੀਤੇ ਗਏ ਹਮਲਿਆਂ 'ਚ 2 ਲੋਕਾਂ ਦੀ ਮੌਤ ਹੋ ਗਈ ਅਤੇ ਘੱਟੋ-ਘੱਟ 10 ਹੋਰ ਜ਼ਖ਼ਮੀ ਹੋ ਗਏ।

ਬੀਤੇ ਹਫ਼ਤੇ ਹਮਲੇ ਰੁਕੇ ਸਨ ਪਰ ਸੋਮਵਾਰ ਨੂੰ ਰੂਸ ਨੇ ਕੀਵ 'ਤੇ ਮੁੜ ਹਮਲਾ ਕੀਤਾ। ਇਸੇ ਦੌਰਾਨ ਅਮਰੀਕੀ ਰਾਜਦੂਤ ਜੈਰੇਡ ਕੁਸ਼ਨਰ ਅਤੇ ਸਟੀਵ ਵਿਟਕੌਫ਼ ਰੂਸ ਅਤੇ ਯੂਕ੍ਰੇਨ ਵਿਚਾਲੇ ਜਾਰੀ ਜੰਗ ਨੂੰ ਖ਼ਤਮ ਕਰਨ ਦੇ ਨਵੇਂ ਯਤਨਾਂ ਤਹਿਤ ਆਪਣੀ ਪਹਿਲੀ ਅਧਿਕਾਰਤ ਯਾਤਰਾ 'ਤੇ ਕੀਵ ਪਹੁੰਚੇ ਹਨ। ਯੂਕ੍ਰੇਨ ਦੀ ਸਟੇਟ ਐਮਰਜੈਂਸੀ ਸੇਵਾ ਨੇ ਦੱਸਿਆ ਕਿ ਰਾਜਧਾਨੀ 'ਚ ਘੱਟੋ-ਘੱਟ ਪੰਜ ਥਾਵਾਂ 'ਤੇ ਨੁਕਸਾਨ ਹੋਣ ਅਤੇ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ।

ਕੀਵ : ਰੂਸੀ ਹਮਲੇ ਕਾਰਨ ਇਕ ਥਾਂ 'ਤ